ਪ੍ਰਾਈਵੇਟ ਕਮੇਟੀਆਂ ਲਈ ਤੱਥ ਸ਼ੀਟ

# ਆਪਣੇ ਕਾਨੂੰਨੀ ਬਿੱਲ ਦਾ ਅਨੁਮਾਨ ਲਾਉਣਾ

ਕਮੇਟੀ ਔਫ ਇਸਟੇਟ ਵਜੋਂ, ਤੁਹਾਡੀਆਂ ਪਹਿਲੀਆਂ ਜ਼ਿੰਮੇਵਾਰੀਆਂ ਵਿੱਚੋਂ ਇਕ ਉਨ੍ਹਾਂ ਕਾਨੂੰਨੀ ਸੇਵਾਵਾਂ ਲਈ ਖਰਚਾ ਦੇਣਾ ਹੈ ਜਿਹੜੀਆਂ ਤੁਹਾਨੂੰ ਨਿਯੁਕਤ ਕਰਨ ਲਈ ਤੁਹਾਡੇ ਵਕੀਲ ਨੇ ਦਿੱਤੀਆਂ। ਜੇ ਅਰਜ਼ੀ ਦਾ ਮੁਕਾਬਲਾ ਹੋਇਆ ਸੀ ਤਾਂ ਇਸਟੇਟ ਨੂੰ ਮੁਕਾਬਲਾ ਕਰਨ ਵਾਲੀਆਂ ਧਿਰਾਂ ਦੇ ਕਾਨੂੰਨੀ ਅਕਾਊਂਟ ਦੇਣ ਦੀ ਲੋੜ ਹੋ ਸਕਦੀ ਹੈ। ਕਿਸੇ ਪੌਆਇੰਟ ’ਤੇ, ਤੁਹਾਨੂੰ ਉਸ ਬਾਲਗ ਦੀ ਨੁਮਾਇੰਦਗੀ ਕਰਨ ਲਈ ਵਕੀਲ ਕਰਨ ਦੀ ਲੋੜ ਵੀ ਪੈ ਸਕਦੀ ਹੈ ਜਿਸ ਲਈ ਤੁਸੀਂ ਕਮੇਟੀ ਹੋ। ਕੋਈ ਵੀ ਕਾਨੂੰਨੀ ਸੇਵਾਵਾਂ ਦਾ ਖਰਚਾ ਦੇਣ ਤੋਂ ਪਹਿਲਾਂ, ਤੁਹਾਨੂੰ ਇਹ ਪੱਕਾ ਕਰਨ ਲਈ ਸਾਰੇ ਬਿੱਲਾਂ ਅਤੇ ਇਨਵੋਆਇਸਾਂ ਨੂੰ ਦੇਖਣਾ ਚਾਹੀਦਾ ਹੈ ਕਿ ਜਿਹੜੇ ਪੈਸੇ ਤੁਹਾਨੂੰ ਚਾਰਜ ਕੀਤੇ ਜਾ ਰਹੇ ਹਨ ਉਹ ਵਾਜਬ ਅਤੇ ਢੁਕਵੇਂ ਹਨ ਅਤੇ ਬਾਲਗ ਦੀ ਇਸਟੇਟ (ਜਾਇਦਾਦ) ਨੂੰ ਅਕਾਊਂਟ ਅਦਾ ਕਰਨ ਦੀ ਲੋੜ ਹੈ। ਆਪਣੇ ਕਾਨੂੰਨੀ ਸੇਵਾਵਾਂ ਦੇ ਬਿੱਲ ਦਾ ਅਨੁਮਾਨ ਲਾਉਣ ਵਿਚ ਤੁਹਾਡੀ ਮਦਦ ਕਰਨ ਲਈ ਇਹ ਤੱਥ ਸ਼ੀਟ ਕੁਝ ਗਾਈਡਲਾਈਨਾਂ ਪ੍ਰਦਾਨ ਕਰਦੀ ਹੈ।

- ਜਦੋਂ ਤੁਸੀਂ ਪਹਿਲੀ ਵਾਰ ਵਕੀਲ ਕੀਤਾ ਸੀ ਤਾਂ ਤੁਸੀਂ ਇਕ ਲਿਖਤੀ ਐਗਰੀਮੈਂਟ (“ਰੀਟੇਨਰ”) ਕੀਤਾ ਹੋ ਸਕਦਾ ਹੈ ਜਿਹੜਾ ਇਹ ਦੱਸਦਾ ਹੈ ਕਿ ਵਕੀਲ ਨੇ ਕੀ ਕੰਮ ਕਰਨਾ ਹੈ, ਹੋਰ ਵਕੀਲਾਂ ਜਾਂ ਫਰਮ ਦੇ ਲੀਗਲ ਅਸਿਸਟੈਂਟਾਂ ਨੇ ਕਿਹੜੀਆਂ ਸੇਵਾਵਾਂ ਦੇਣੀਆਂ ਹਨ, ਅਤੇ ਕਾਨੂੰਨੀ ਫੀਸਾਂ, ਭੁਗਤਾਨਾਂ (ਡਿਸਬਰਸਮੈਂਟਾਂ) ਅਤੇ ਲਾਗੂ ਹੋਣ ਵਾਲੇ ਟੈਕਸਾਂ ਦਾ ਅੰਦਾਜ਼ਨ ਖਰਚਾ ਕਿੰਨਾ ਹੈ। ਕੋਈ ਵੀ ਪੇਮੈਂਟ ਕਰਨ ਤੋਂ ਪਹਿਲਾਂ, ਇਹ ਪੱਕਾ ਕਰਨ ਲਈ ਵਕੀਲ ਦੇ ਬਿੱਲ ਨੂੰ ਚੰਗੀ ਤਰ੍ਹਾਂ ਚੈੱਕ ਕਰੋ ਕਿ ਦਿੱਤੀਆਂ ਗਈਆਂ ਸੇਵਾਵਾਂ ਬਾਰੇ ਵਿਸਥਾਰ ਵਿਚ ਦਿੱਤੀ ਗਈ ਜਾਣਕਾਰੀ, ਉਸ ਸਹਿਮਤੀ ਮੁਤਾਬਕ ਹੈ ਜਦੋਂ ਤੁਸੀਂ ਵਕੀਲ ਕੀਤਾ ਸੀ ਅਤੇ ਚਾਰਜ ਕੀਤੀ ਗਈ ਰਕਮ ਵਾਜਬ ਹੈ। ਜੇ ਮਾਮਲੇ ਦਾ ਮੁਕਾਬਲਾ ਹੋਇਆ ਸੀ ਤਾਂ ਅਕਾਊਂਟ ਜ਼ਿਆਦਾ ਹੋਣਗੇ।

- ਜੇ ਤੁਹਾਡੇ ਮਨ ਵਿਚ ਬਿੱਲ ਬਾਰੇ ਕੋਈ ਸਵਾਲ ਹੋਣ ਤਾਂ ਤੁਹਾਨੂੰ ਇਸ ਬਾਰੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ। ਜੇ ਗੱਲਬਾਤ ਤੋਂ ਬਾਅਦ, ਤੁਸੀਂ ਅਜੇ ਵੀ ਸੰਤੁਸ਼ਟ ਨਾ ਹੋਵੋ ਤਾਂ ਤੁਸੀਂ ਅਦਾਲਤ ਦੇ ਰਜਿਸਟਰਾਰ ਤੋਂ ਅਕਾਊਂਟ ਦਾ ਰਿਵੀਊ ਕਰਵਾ ਸਕਦੇ ਹੋ ਜਾਂ ਅਨੁਮਾਨ ਲਵਾ ਸਕਦੇ ਹੋ। ਇਸ ਕਾਰਵਾਈ ਨੂੰ ਟੈਕਸੇਸ਼ਨ ਆਖਿਆ ਜਾਂਦਾ ਹੈ। ਕੋਰਟ ਰਜਿਸਟਰੀਆਂ ਦੀ ਲਿਸਟ http://www.courts.gov.bc.ca ’ਤੇ ਹੈ। ਪਰ ਤੁਹਾਨੂੰ ਇਸ ਚੀਜ਼ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਟੈਕਸੇਸ਼ਨ ਦੇ ਕਾਰਜ ਨਾਲ ਵਾਧੂ ਕਾਨੂੰਨੀ ਖਰਚੇ ਜੁੜੇ ਹੋਏ ਹੋ ਸਕਦੇ ਹਨ।

- ਖਰਚਿਆਂ ਦਾ ਅਨੁਮਾਨ ਲਾਉਣ ਦੀ ਸੁਣਵਾਈ ਵਿਚ ਰਜਿਸਟਰਾਰ ਕਈ ਪੱਖਾਂ ’ਤੇ ਵਿਚਾਰ ਕਰਦਾ ਹੈ। ਇਨ੍ਹਾਂ ਚੀਜ਼ਾਂ ਵਿਚ ਸ਼ਾਮਲ ਹਨ:
  - ਸੰਬੰਧਿਤ ਮਾਮਲੇ ਦੀ ਜਟਿਲਤਾ
  - ਵਕੀਲ ਦੇ ਹੁਨਰ ਅਤੇ ਖਾਸ ਗਿਆਨ ਅਤੇ ਜ਼ਿੰਮੇਵਾਰੀ
  - ਵਕੀਲ ਦਾ ਕਿੱਤੇ ਵਿਚ ਚਰਿੱਤਰ ਅਤੇ ਹਸਤੀ
  - ਸ਼ਾਮਲ ਰਕਮ
  - ਵਾਜਬ ਤੌਰ ’ਤੇ ਲਗਾਇਆ ਗਿਆ ਸਮਾਂ
  - ਬਾਲਗ ਲਈ ਮਾਮਲੇ ਦੀ ਮਹੱਤਤਾ
  - ਪ੍ਰਾਪਤ ਕੀਤਾ ਗਿਆ ਨਤੀਜਾ

  ਰਜਿਸਟਰਾਰ ਇਹ ਵੀ ਵਿਚਾਰ ਕਰੇਗਾ ਕਿ ਕੀ ਸਾਰੇ ਭੁਗਤਾਨ ਵਾਜਬ ਤੌਰ ’ਤੇ ਲੋੜੀਂਦੇ ਸਨ ਜਾਂ ਨਹੀਂ।

- ਕਾਨੂੰਨੀ ਸੇਵਾਵਾਂ ਦੇ ਬਿੱਲ ’ਤੇ ਸਮੇਂ ਦੀਆਂ ਕਾਨੂੰਨੀ ਹੱਦਾਂ ਦੇ ਅੰਦਰ ਵਿਚਾਰ ਹੋਣੀ ਜ਼ਰੂਰੀ ਹੈ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਸਮੇਂ ਦੀ ਉਸ ਸੀਮਾ ਦਾ ਪਤਾ ਲਾਉਣ ਲਈ ਤੁਹਾਨੂੰ ਲੀਗਲ ਪ੍ਰੋਫੈਸ਼ਨਜ਼ ਐਕਟ ਚੈੱਕ ਕਰਨਾ ਚਾਹੀਦਾ ਹੈ ਜਿਸ ਦੇ ਵਿਚ ਵਿਚ ਕਿਸੇ ਕਾਨੂੰਨੀ ਬਿੱਲ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ।
- ਜੇ ਤੁਹਾਨੂੰ ਆਪਣੇ ਇਲਾਕੇ ਵਿਚ ਵਕੀਲ ਦੀ ਚੋਣ ਕਰਨ ਵਿਚ ਮਦਦ ਦੀ ਲੋੜ ਹੋਵੇ ਤਾਂ ਲੌਈਅਰ ਰੈਫਰਲ ਸਰਵਿਸ ਇਕ ਫਾਇਦੇਮੰਦ ਸ੍ਰੋਤ ਹੈ। ਉਨ੍ਹਾਂ ਨਾਲ 604.687.3221 ’ਤੇ ਜਾਂ 1.800.663.1919 ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਡਾਇਲ-ਏ-ਲਾਅ (1.800.565.5297) ਵੀ ਰਿਕਾਰਡ ਕੀਤੀ ਹੋਈ ਫਾਇਦੇਮੰਦ ਜਾਣਕਾਰੀ ਪ੍ਰਦਾਨ ਕਰਦਾ ਹੈ।

ਪ੍ਰਾਈਵੇਟ ਕਮੇਟੀ ਸਰਵਿਸਿਜ਼
ਪਬਲਿਕ ਗਾਰਡੀਅਨ ਐਂਡ ਟਰੱਸਟੀ
#700 - 808 West Hastings Street
Vancouver, BC V6C 3L3

PUBLIC GUARDIAN AND TRUSTEE OF BRITISH COLUMBIA

ਫੋਨ: 604.660.1500
ਫੈਕਸ: 604.660.4456
ਵੈੱਬਸਾਈਟ: www.trustee.bc.ca